# ਬਲਵੰਤ ਜੇਤੂ ਜੀਵਨ ਲਈ ਤਿੰਨ ਕਦਮ

ਫ੍ਰੈਂਕਲਿਨ ਦੇ ਨੋਟਸ

ਪਰਕਾਸ਼ ਦੀ ਪੋਥੀ 12:10 ਅਤੇ 11 ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ ਹੁਣ ਸਾਡੇ ਪਰਮੇਸ਼ੁਰ ਦੀ ਮੁਕਤੀ ਅਤੇ ਸਮਰੱਥਾ ਅਤੇ ਰਾਜ ਅਤੇ ਉਹ ਦੇ ਮਸੀਹ ਦਾ ਇਖ਼ਤਿਆਰ ਹੋ ਗਿਆ ਕਿਉਂ ਜੋ ਸਾਡੇ ਭਰਾਵਾਂ ਨੂੰ **ਦੋਸ਼ ਲਾਉਣ ਵਾਲਾ** ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ **ਹੇਠਾਂ ਸੁੱਟਿਆ ਗਿਆ ਹੈ!** ਅਤੇ (1) ਓਹਨਾਂ ਨੇ **ਲੇਲੇ ਦੇ ਲਹੂ** ਦੇ ਕਾਰਨ ਅਤੇ (2) **ਆਪਣੀ ਸਾਖੀ ਦੇ ਬਚਨ** ਦੇ ਕਾਰਨ **ਉਹ ਨੂੰ ਜਿੱਤ ਲਿਆ** ਅਤੇ **ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।**

ਆਓ ਇਸ ਨੂੰ ਇਸ ਤਰ੍ਹਾਂ ਪੜੀਏ:
ਭਈ ਹੁਣ ਸਾਡੇ ਪਰਮੇਸ਼ੁਰ ਦੀ **ਮੁਕਤੀ** ਅਤੇ **ਸਮਰੱਥਾ** ਅਤੇ **ਰਾਜ** ਅਤੇ ਉਹ ਦੇ ਮਸੀਹ ਦਾ ਇਖ਼ਤਿਆਰ ਹੋ ਗਿਆ ਕਿਉਂ ਜੋ **ਮੇਰੇ ਉੱਤੇ ਦੋਸ਼ ਲਾਉਣ ਵਾਲਾ** ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਮੇਰੇ ਉੱਤੇ ਰਾਤ ਦਿਨ ਦੋਸ਼ ਲਾਉਂਦਾ ਹੈ **ਹੇਠਾਂ ਸੁੱਟਿਆ ਗਿਆ ਹੈ**! ਅਤੇ (1) ਮੈਂ **ਲੇਲੇ ਦੇ ਲਹੂ** ਦੇ ਕਾਰਨ ਅਤੇ **ਆਪਣੀ ਸਾਖੀ ਦੇ ਬਚਨ** ਦੇ ਕਾਰਨ **ਉਹ ਨੂੰ ਜਿੱਤ ਲਿਆ** ਅਤੇ **ਮੈਂ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ**।

## #1 ਲੇਲੇ ਦਾ ਲਹੂ

ਇਹ ਪਰਮੇਸ਼ੁਰ ਦਾ ਕੰਮ ਹੈ
ਉਸ ਦੀ ਦਯਾ ਦੇ ਦੁਆਰਾ ਸਾਡੇ ਲਈ ਉਸ ਦਾ ਮੁਫ਼ਤ ਪ੍ਰਬੰਧ।

ਮੇਰੀ ਆਸ ਯਿਸੂ ਦੇ ਲਹੂ ਅਤੇ ਧਾਰਮਿਕਤਾ ਤੋਂ ਇਲਾਵਾ ਕਿਸੇ ਹੋਰ ਚੀਜ਼ ਉੱਤੇ ਨਹੀਂ ਹੈ। ਮੈਂ ਆਪਣੀ ਤਾਕਤ ਅਤੇ ਦਿਮਾਗ ਉੱਤੇ ਭਰੋਸਾ ਕਰਨ ਦੀ ਹਿੰਮਤ ਨਹੀਂ ਕਰਦਾ, ਪਰ ਮੈਂ ਪੂਰੀ ਤਰ੍ਹਾਂ ਨਾਲ ਯਿਸੂ ਦੇ ਨਾਮ ਉੱਤੇ ਭਰੋਸਾ ਕਰਦਾ ਹਾਂ।

## #2 ਸਾਡੀ ਗਵਾਹੀ ਦਾ ਬਚਨ

ਇਹ ਸਾਡਾ ਕੰਮ ਹੈ
ਉਸ ਦਾ ਪ੍ਰਚਾਰ ਕਰਨਾ ਜੋ ਯਿਸੂ ਦੇ ਲਹੂ ਨੇ ਮੇਰੇ ਲਈ ਕੀਤਾ ਹੈ।

## #3 ਅਤੇ ਇਸ ਧਰਤੀ ਉੱਤੇ ਆਪਣੇ ਜੀਵਨਾਂ ਨੂੰ ਵੀ ਪਿਆਰ ਨਹੀਂ ਜਾਣਿਆ, ਮੌਤ ਤੱਕ ਵੀ ਨਹੀਂ।

ਇਹ ਹਨ ਤਿੰਨ ਜ਼ਰੂਰੀ ਕਦਮ, ਇੱਕ ਤਰੀਕਾ ਇੱਕ ਜੇਤੂ ਜੀਵਨ ਜੀਉਣ ਦਾ

## #1 ਯਿਸੂ ਦੇ ਲਹੂ ਦੇ ਦੁਆਰਾ ਮੇਰੇ ਕੋਲ ਇਹ ਹੈ . . .

- ਪਾਪਾਂ ਦੀ ਮਾਫ਼ੀ ਇਬਰਾਨੀਆਂ 9:26; 10:17 ਜ਼ਬੂਰ 103:12 ਪਰਕਾਸ਼ ਦੀ ਪੋਥੀ 1:5
- ਸਾਰੇ ਪਾਪਾਂ ਤੋਂ ਸ਼ੁੱਧ 1 ਯੂਹੰਨਾ 1:7
- ਧਰਮੀ ਠਹਿਰਾਇਆ ਹੋਇਆ ਰੋਮੀਆਂ 3:24; 5:9
- ਪਵਿੱਤਰ ਬਣਇਆ ਗਿਆ ਰੋਮੀਆਂ 12:1; 1 ਕੁਰਿੰਥੀਆਂ 5:21
- ਧਰਮੀ ਬਣਾਇਆ ਗਿਆ ਰੋਮੀਆਂ 5:19 2 ਕੁਰਿੰਥੀਆਂ 5:21
- ਪਵਿੱਤਰ ਕੀਤਾ ਗਿਆ ਇਬਰਾਨੀਆਂ 10:10
- ਸਦੀਪਕ ਜੀਵਨ ਯੂਹੰਨਾ 3:16
- ਪਾਪ ਦੇ ਨਤੀਜਿਆਂ ਦੇ ਉੱਤੇ ਜਿੱਤ ਪਰਕਾਸ਼ ਦੀ ਪੋਥੀ 12:11
- ਉਸ ਦੇ ਲਹੂ ਦੁਆਰਾ ਖਰੀਦਿਆ ਗਿਆ ਰਸੂਲਾਂ ਦੇ ਕਰਤੱਬ 20:28
- ਸਦੀਪਕ ਛੁਟਕਾਰਾ ਇਬਰਾਨੀਆਂ 9:12; 1 ਪਤਰਸ 1:18-19
- ਸਦੀਪਕ ਵਿਰਾਸਤ ਇਬਰਾਨੀਆਂ 9:15
- ਸ਼ੁੱਧ ਵਿਵੇਕ ਇਬਰਾਨੀਆਂ 9:14; 10:22
- ਪਵਿੱਤਰ ਸਥਾਨ ਦੇ ਵਿੱਚ ਜਾਣ ਲਈ ਦਲੇਰੀ ਇਬਰਾਨੀਆਂ 4:16; 10:19
- ਮੈਂ ਚੰਗਾ ਕੀਤਾ ਗਿਆ ਹਾਂ ਯਸਾਯਾਹ 53:5
- ਇਹ ਮੇਰੀ ਜਾਨ ਦੇ ਲਈ ਸਹੀ ਹੈ ਯਸਾਯਾਹ 53:5
- ਮੇਰੇ ਨਾਲ ਸਭ ਕੁਝ ਸਹੀ ਹੋਵੇਗਾ ਯਸਾਯਾਹ 3:10 ਰੋਮੀਆਂ 8:28
- ਉਕਾਬ ਦੇ ਵਾਂਗ ਮੇਰੀ ਜਵਾਨੀ ਨਵੀਂ ਕੀਤੀ ਜਾਵੇਗੀ ਜ਼ਬੂਰ 103:5
- ਉਸ ਦੀਆਂ ਬਿਧੀਆਂ ਮੇਰੇ ਮਨ ਅਤੇ ਦਿਲ ਵਿੱਚ ਹਨ ਇਬਰਾਨੀਆਂ 10:16
- ਪਰਮੇਸ਼ੁਰ ਮੇਰੇ ਉੱਤੇ ਮਡਰਾਉਂਦਾ ਹੈ ਅਤੇ ਮੇਰੀ ਸੁਰੱਖਿਆ ਕਰਦਾ ਹੈ ਕੂਚ 12:23
- ਮੈਂ ਉਸ ਦੇ ਨਾਲ ਨੇਮ ਵਿੱਚ ਬੰਨ੍ਹਿਆ ਹੋਇਆ ਹਾਂ ਰਸੂਲਾਂ ਦੇ ਕਰਤੱਬ 22:20

## #2 ਮੇਰੀ ਗਵਾਹੀ ਦਾ ਬਚਨ

ਇਹ ਮੇਰਾ ਕੰਮ ਹੈ: ਯਿਸੂ ਦੇ ਲਹੂ ਨੇ ਮੇਰੇ ਲਈ ਜੋ ਕੀਤਾ ਹੈ ਅਤੇ ਜੋ ਕਰੇਗਾ ਉਸ ਦਾ **ਪ੍ਰਚਾਰ ਕਰਨਾ**। ਇਹ ਜਿੱਤ ਦੀਆਂ ਬਰਕਤਾਂ ਅਤੇ ਇਸ ਦੀ ਭਰਪੂਰੀ ਨੂੰ ਪਾਉਣ, ਇਸ ਦਾ ਅਨੁਭਵ ਕਰਨ ਅਤੇ ਇਸ ਦਾ ਅਨੰਦ ਮਾਣਨ ਲਈ ਜ਼ਰੂਰੀ ਹੈ।

ਬਹੁਤ ਸਾਰੀਆਂ ਆਇਤਾਂ ਹਨ ਜੋ ਪਰਮੇਸ਼ੁਰ ਦੇ ਵਚਨ ਨੂੰ ਬੋਲਣ ਦੀ
ਸਮਰੱਥਾ ਦੀ ਘੋਸ਼ਣਾ ਕਰਦੀਆਂ ਹਨ।

- ਸਾਰੀਆਂ ਚੀਜ਼ਾਂ ਉਸ ਦੇ ਵਚਨ ਦੁਆਰਾ ਬਣਾਈਆਂ ਗਈਆਂ: ਉਤਪਤ 1 ਪਰਮੇਸ਼ੁਰ ਨੇ **ਆਖਿਆ**...ਹੋਵੇ...ਅਤੇ ਓਵੇਂ ਹੋ ਗਿਆ

- ਯੂਹੰਨਾ 1:1-4 ਆਦ ਵਿੱਚ **ਸ਼ਬਦ** ਸੀ ਅਰ **ਸ਼ਬਦ** ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ। **ਸੱਭੋ ਕੁਝ ਉਸ ਤੋਂ ਰਚਿਆ ਗਿਆ** ਅਤੇ ਰਚਨਾ ਵਿੱਚੋਂ ਇੱਕ ਵਸਤੂ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ। ਉਸ ਵਿੱਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ।

- ਜ਼ਬੂਰ 29:4 **ਯਹੋਵਾਹ ਦੀ ਅਵਾਜ਼ ਜ਼ੋਰ ਵਾਲੀ ਹੈ**।

- ਯਸਾਯਾਹ 55:11 ਤਿਵੇਂ **ਮੇਰਾ ਬਚਨ** ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, ਉਹ ਮੇਰੀ ਵੱਲ **ਅਵਿਰਥਾ ਨਹੀਂ ਮੁੜੇਗਾ**, ਪਰ ਜੋ ਮੈਂ ਠਾਣਿਆ ਉਸ ਨੂੰ **ਪੂਰਾ ਕਰੇਗਾ**, ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਏਗਾ।

- ਇਬਰਾਨੀਆਂ 4:12 ਕਿਉਂ ਜੋ **ਪਰਮੇਸ਼ੁਰ ਦਾ ਬਚਨ ਜੀਉਂਦਾ** (ਇਹ ਜੀਉਂਦਾ ਹੈ) ਅਤੇ **ਗੁਣਕਾਰ** (ਇਹ ਚੀਜ਼ਾਂ ਦੀ ਸਿਰਜਣਾ ਕਰਦਾ ਅਤੇ ਉਨ੍ਹਾਂ ਨੂੰ ਬਦਲਦਾ ਹੈ) ਅਤੇ ਹਰੇਕ ਦੋ ਧਾਰੀ **ਤਲਵਾਰ** ਨਾਲੋਂ **ਤਿੱਖਾ** ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ। ਇਹ ਸਮਰੱਥਾ ਨਾਲ ਸਾਡੇ ਜੀਵਨ ਵਿੱਚ ਕੰਮ ਕਰਦਾ ਹੈ।

- ਉਦਾਹਰਣ ਲਈ: ਅਫਸੀਆਂ 5:26 ਭਈ ਉਸ ਨੂੰ ਜਲ ਦੀ **ਅਸ਼ਨਾਨ** ਤੋਂ ਬਾਣੀ ਨਾਲ **ਸ਼ੁੱਧ ਕਰ** ਕੇ ਪਵਿੱਤਰ ਕਰੇ।

- ਯਿਰਮਿਯਾਹ 23:29 ਕੀ ਮੇਰਾ ਬਚਨ ਅੱਗ ਵਾਂਙੁ ਨਹੀਂ? (ਅੱਗ ਸ਼ੁੱਧ ਕਰਦੀ ਅਤੇ ਸਾਫ਼ ਕਰਦੀ ਹੈ) ਯਹੋਵਾਹ ਦਾ ਵਾਕ ਹੈ, ਅਤੇ ਵਦਾਣ ਵਾਂਙੁ ਜਿਹੜਾ ਚਟਾਨ ਨੂੰ ਚੂਰ ਚੂਰ ਕਰ ਸੁੱਟਦਾ ਹੈ? ਇਸ ਲਈ ਮੇਰੇ ਕਠੋਰ ਦਿਮਾਗ ਲਈ ਆਸ ਹੈ।

ਪਰਮੇਸ਼ੁਰ ਨੇ ਸਾਨੂੰ ਅਧਿਕਾਰ ਵੀ ਦਿੱਤਾ ਹੈ ਅਤੇ ਸਾਡੇ ਵੱਲੋਂ ਉਸ ਦੇ ਵਚਨ ਦਾ ਪ੍ਰਚਾਰ ਕਰਨ ਅਤੇ ਇਸ ਦੀ ਘੋਸ਼ਣਾ ਕਰਨ ਦੀ ਲੋੜ ਅਤੇ ਮਹੱਤਤਾ ਨੂੰ ਪਰਗਟ ਕੀਤਾ ਹੈ।

- ਅਫਸੀਆਂ 6:10-17 ਮੁਕਦੀ ਗੱਲ, ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! **ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ** ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ **ਖਲੋ** ਸੱਕੋ। ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। ਇਸ ਕਾਰਨ ਤੁਸੀਂ

ਪਰਮੇਸ਼ੁਰ ਦੇ ਸਾਰੇ ਸ਼ਸਤਰ ਬਸਤਰ ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ ਸਾਹਮਣਾ ਕਰ ਸੱਕੋ ਅਤੇ ਸੱਭੋ ਕੁਝ ਮੁਕਾ ਕੇ **ਖਲੋ** ਸੱਕੋ। ਸੋ ਤੁਸੀਂ ਆਪਣੀ ਕਮਰ **ਸਚਿਆਈ** ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨਕੇ ਅਤੇ ਮਿਲਾਪ ਦੀ **ਖੁਸ਼ ਖ਼ਬਰੀ** ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀ ਪਾ ਕੇ ਖਲੋ ਜਾਓ! ਓਹਨਾਂ **ਸਭਨਾਂ ਸਣੇ ਨਿਹਚਾ** ਦੀ **ਢਾਲ** ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ। ਅਤੇ **ਮੁਕਤੀ** ਦਾ ਟੋਪ ਅਤੇ **ਆਤਮਾ ਦੀ ਤਲਵਾਰ** ਜੋ

**ਪਰਮੇਸ਼ੁਰ ਦੀ ਬਾਣੀ** ਹੈ ਲੈ ਲਵੋ।

- ਅੱਯੂਬ 22:28 ਜਿਸ ਗੱਲ ਲਈ **ਤੇਰਾ ਮਨਸ਼ਾ** ਹੋਏਗਾ, **ਉਹ ਤੇਰੇ ਲਈ ਠਹਿਰਾਈ ਜਾਏਗੀ**।

- ਅਤੇ ਤੁਹਾਡੇ ਜੀਵਨ ਵਿਚਲੇ ਪਹਾੜਾਂ ਲਈ: ਮਰਕੁਸ 11:22-23 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ੁਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ **ਕਹੇ**, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ **ਆਖਦਾ ਹਾਂ** ਓਹ ਹੁੰਦੀਆਂ ਹਨ **ਤਾਂ ਉਹ ਦੇ ਲਈ ਹੋ ਜਾਵੇਗਾ**।

ਅਤੇ ਇਸ ਤੋਂ ਵੀ ਵਧ ਕੇ ਖੁਸ਼ੀ ਦੀ ਖ਼ਬਰ ਹੈ - ਉਸ ਦਾ ਵਚਨ ਸਾਡੇ ਮਨ ਨੂੰ ਨਵਾਂ ਕਰ ਸਕਦਾ ਹੈ। ਬਹੁਤ ਵਧੀਆ! ਅਦਭੁਤ! ਇਸ ਦੀ ਕਿੰਨੀ ਲੋੜ ਹੈ???

- ਰੋਮੀਆਂ 12:2 ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ **ਆਪਣੀ ਬੁੱਧ ਦੇ ਨਵੇਂ ਹੋਣ ਕਰਕੇ** ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।

ਸਾਡੇ ਦੁਬਾਰਾ ਜਨਮ ਲੈਣ ਤੋਂ ਪਹਿਲਾਂ ਸਾਨੂੰ ਸੰਸਾਰ ਦੇ ਬਾਰੇ ਅਤੇ ਇਸ ਦੇ ਰਾਹਾਂ ਬਾਰੇ ਚੰਗੀ ਤਰ੍ਹਾਂ **ਸਿਖਾਇਆ ਗਿਆ**, **ਪੜ੍ਹਾਇਆ ਗਿਆ** ਅਤੇ ਇਸ ਦੇ ਅਨੁਸਾਰ **ਢਾਲਿਆ ਗਿਆ**।

ਇਹ **ਮਹੱਤਵਪੂਰਣ** ਹੈ ਕਿ ਸਾਡਾ ਮਨ ਅਤੇ ਸਾਡੇ ਸੋਚਣ ਦਾ ਢੰਗ ਬਦਲ ਹੋਇਆ ਹੋਵੇ ਅਤੇ ਨਵਾਂ ਹੋਇਆ ਹੋਵੇ ਤਾਂ ਕਿ ਅਸੀਂ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਯਿਸੂ ਵਾਂਗ ਸੋਚ ਸਕੀਏ, ਕੰਮ ਕਰ ਸਕੀਏ ਅਤੇ ਪ੍ਰਤੀਕਿਰਿਆ ਕਰ ਸਕੀਏ।

"**ਸਾਡੇ ਮਨ ਦਾ ਨਵਾਂ ਕੀਤਾ ਜਾਣਾ**" **ਸੌਖਾ ਨਹੀਂ** ਹੈ। ਇਹ ਬਹੁਤ ਜ਼ਿਆਦਾ ਮੁਸ਼ਕਿਲ ਹੈ ਅਤੇ ਇਸ ਦੇ ਲਈ ਸਮਰਪਿਤ ਇੱਛਾ ਅਤੇ ਕੋਸ਼ਿਸ਼ ਦੀ ਲੋੜ ਹੈ।
ਇਹ ਪਰਮੇਸ਼ੁਰ ਦੇ ਵਚਨ ਨੂੰ **ਜਾਣਨ** ਅਤੇ **ਯਾਦ ਕਰਨ** ਨਾਲ ਸ਼ੁਰੂ ਹੁੰਦਾ ਹੈ। ਜਿਨ੍ਹਾਂ ਬੱਚਿਆਂ ਦਾ ਪਾਲਣ ਪੋਸ਼ਣ ਮਸੀਹੀ ਪਰਿਵਾਰ ਵਿੱਚ ਹੁੰਦਾ ਹੈ ਅਤੇ ਘਰੇ ਹੀ ਉਨ੍ਹਾਂ ਦੀ ਪੜ੍ਹਾਈ ਲਿਖਾਈ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਬਹੁਤ ਫਾਇਦਾ ਹੈ।

ਇੱਕ ਮਹੱਤਵਪੂਰਣ ਕਦਮ ਇਹ ਹੈ ਜੋ ਪੌਲੁਸ ਨੇ ਹੇਠ ਦਿੱਤੀਆਂ ਆਇਤਾਂ ਵਿੱਚ ਦੱਸਿਆ ਹੈ:

- ਫਿਲਿੱਪੀਆਂ 3:13-14 ਹੇ ਭਰਾਵੋ, ਮੈਂ ਆਪਣੇ ਲਈ ਇਹ ਨਹੀਂ ਸਮਝਦਾ ਜੋ ਮੈਂ ਅਜੇ ਹੱਥ ਪਾ ਲਿਆ ਹੈ ਪਰ ਐਨਾ ਹੈ ਜੋ ਮੈਂ **ਪਿਛਲੀਆਂ ਗੱਲਾਂ ਨੂੰ ਭੁਲਾ ਕੇ** ਅਤੇ ਉਨ੍ਹਾਂ ਗੱਲਾਂ ਲਈ **ਜਿਹੜੀਆਂ ਅੱਗੇ ਹਨ** ਅਗਾਹਾਂ ਵਧ ਕੇ **ਨਿਸ਼ਾਨੇ ਵੱਲ ਦੱਬੀ ਜਾਂਦਾ** ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ।

  ਰੋਜ਼ ਪਰਮੇਸ਼ੁਰ ਕੋਲੋਂ ਮੰਗੋ ਕਿ ਤੁਸੀਂ ਉਸ ਕੂੜੇ ਨੂੰ ਭੁੱਲ ਸਕੋ ਜੋ ਤੁਹਾਡੇ ਮਨ ਵਿੱਚ ਭਰਿਆ ਹੈ। ਜਦੋਂ ਇਹ ਕੂੜਾ ਤੁਹਾਡੇ ਮਨ ਵਿੱਚ ਆਉਂਦਾ ਹੈ, ਤਾਂ ਇਸ ਨੂੰ ਜ਼ਿਆਦਾ ਸਮੇਂ ਤੱਕ ਨਾ ਰਹਿਣ ਦਿਓ। ਤੁਰੰਤ ਹੀ ਉਸ ਆਇਤ ਨੂੰ ਬੋਲਣਾ ਸ਼ੁਰੂ ਕਰੋ ਜਿਸ ਨੂੰ ਤੁਸੀਂ ਯਾਦ ਕੀਤਾ ਹੈ।

ਜਿਵੇਂ ਪੌਲੁਸ ਨੇ ਕਿਹਾ:
ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ। ਫਿਲਿੱਪੀਆਂ 4:8

ਸਾਡੇ ਮਨਾਂ ਨੂੰ ਨਵਾਂ ਕੀਤਾ ਜਾ ਸਕਦਾ ਹੈ! ਜਿਵੇਂ ਪਰਮੇਸ਼ੁਰ ਨੇ ਕਿਹਾ:
2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ *ਹੈ*। **ਪੁਰਾਣੀਆਂ ਗੱਲਾਂ ਬੀਤ ਗਈਆਂ**, ਵੇਖੋ, **ਓਹ ਨਵੀਆਂ ਹੋ ਗਈਆਂ ਹਨ**।

ਪਰਕਾਸ਼ ਦੀ ਪੋਥੀ 21:5 ਅਤੇ ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਬੋਲਿਆ, ਵੇਖ, ਮੈਂ ਸੱਭੋ ਕੁਝ ਨਵਾਂ ਬਣਾਉਂਦਾ ਹਾਂ, ਅਤੇ ਓਨ ਆਖਿਆ, ਲਿਖ, ਕਿਉਂ ਜੋ ਇਹ ਬਚਨ ਨਿਹਚਾ ਜੋਗ ਅਤੇ ਸਤ ਹਨ।

## ਪ੍ਰਭੂ ਯਿਸੂ ਤੁਹਾਡਾ ਧੰਨਵਾਦ!

## ਮੇਰਾ ਮਨ ਨਵਾਂ ਕੀਤਾ ਜਾ ਰਿਹਾ ਹੈ!

## ਅਤੇ

## "ਅਤੇ ਮੈਂ ਹਾਂ ਜੋ ਮੈਂ ਹਾਂ"

ਪਰ **ਮੈਂ** ਜੋ **ਕੁਝ ਹਾਂ** ਪਰਮੇਸ਼ੁਰ ਦੀ ਕਿਰਪਾ ਹੀ ਨਾਲ **ਹਾਂ** ਅਤੇ ਉਹ ਦੀ ਕਿਰਪਾ ਜੋ ਮੇਰੇ ਉੱਤੇ ਹੋਈ ਸੋ **ਅਕਾਰਥ ਨਾ ਹੋਈ** ਪਰ ਮੈਂ ਉਨ੍ਹਾਂ ਸਭਨਾਂ ਨਾਲੋਂ ਵਧੀਕ **ਮਿਹਨਤ ਕੀਤੀ** ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ੁਰ ਦੀ ਕਿਰਪਾ ਨੇ ਜੋ ਮੇਰੇ ਨਾਲ ਸੀ ਅਤੇ ਯਿਸੂ ਮਸੀਹ ਦਾ ਲਹੂ। 1 ਕੁਰਿੰਥੀਆਂ 15:10

- **ਮੈਂ ਮਿਹਨਤ ਕੀਤੀ** ਮੈਨੂੰ ਇਹ ਘੋਸ਼ਣਾ ਕਰਨ ਉੱਤੇ ਕਿ ਮੈਂ ਕੌਣ ਹਾਂ ਮਿਹਨਤ ਕਰਨੀ ਜ਼ਰੂਰੀ ਹੈ ਅਤੇ ਮਿਹਨਤ ਕਰਨੀ ਚਾਹੀਦੀ ਹੈ। ਅਤੇ ਇਸ ਦੀ ਘੋਸ਼ਣਾ ਓਦੋਂ ਤੱਕ ਕਰਨੀ ਚਾਹੀਦੀ ਹੈ ਜਦੋਂ ਤੱਕ ਮੈਂ ਇਸ 'ਤੇ ਵਿਸ਼ਵਾਸ ਨਹੀਂ ਕਰਦਾ!

- ਮੈਂ ਓਹੋ ਹਾਂ ਜੋ ਮੇਰਾ ਪਿਤਾ ਮੇਰੇ ਹੋਣ ਬਾਰੇ ਆਖਦਾ ਹੈ ਅਤੇ ਉਹ ਦੀ ਕਿਰਪਾ ਜੋ ਮੇਰੇ ਉੱਤੇ ਹੋਈ ਸੋ **ਅਕਾਰਥ ਨਾ ਹੋਈ**

## ਮੈਂ ਘੋਸ਼ਣਾ ਕਰਾਂਗਾ ਕਿ ਮੈਂ ਕੌਣ ਹਾਂ!

## ਅਤੇ ਇਹ ਸਥਾਪਿਤ ਹੋ ਜਾਵੇਗਾ!

- ਮੈਂ ਪਰਮੇਸ਼ੁਰ ਦਾ ਬੱਚਾ ਹਾਂ ਅਤੇ ਉਹ ਮੇਰਾ ਪਿਤਾ ਹੈ। 1 ਯੂਹੰਨਾ 3:1-2
- ਮੈਂ ਪਰਮੇਸ਼ੁਰ ਦੁਅਰਾ ਚੁਣਿਆ ਗਿਆ ਹਾਂ ਅਫਸੀਆਂ 1:4
- ਮੈਂ ਦੁਬਾਰਾ ਜਨਮਿਆ ਹਾਂ 1 ਪਤਰਸ 1:3 ਅਤੇ 23
- ਮੈਂ ਪਰਮੇਸ਼ੁਰ ਦੀ ਹੈਕਲ ਹਾਂ 1 ਕੁਰਿੰਥੀਆਂ 3:16
- ਮੈਂ ਪਵਿੱਤਰ ਆਤਮਾ ਦਾ ਬਰਤਨ ਹਾਂ 1 ਕੁਰਿੰਥੀਆਂ 6:19-20
- ਮੈਂ ਬਹੁਤ ਕੀਮਤੀ, ਬਹੁਤ ਖਾਸ ਅਤੇ ਯਿਸੂ ਦੇ ਲਹੂ ਦੁਆਰਾ ਛੁਡਾਇਆ ਗਿਆ ਹਾਂ 1 ਪਤਰਸ 1:18
- ਮੈਂ ਯਿਸੂ ਮਸੀਹ ਦੇ ਲਈ ਸ਼ਾਹੀ ਜਾਜਕ ਹਾਂ 1 ਪਤਰਸ 2:19
- ਮੈਂ ਇੱਕ ਨਵੀਂ ਸ੍ਰਿਸ਼ਟ ਹਾਂ 1 ਕੁਰਿੰਥੀਆਂ 5:17
- ਮੈਂ ਧਰਮੀ ਅਤੇ ਪਵਿੱਤਰ ਹਾਂ ਅਫਸੀਆਂ 4:24
- ਮੈਂ ਇੱਕ ਸੰਤ ਹਾਂ 1 ਕੁਰਿੰਥੀਆਂ 1:2; ਅਫਸੀਆਂ 1:1; ਫਿਲੱਪੀਆਂ 1:1; ਕੁਲੁੱਸੀਆਂ 1:2
- ਮੈਂ ਯਿਸੂ ਦੇ ਨਾਲ ਸਾਂਝਾ ਅਧਿਕਾਰੀ ਹਾਂ ਰੋਮੀਆਂ 8:17
- ਮੈਂ ਯਿਸੂ ਮਸੀਹ ਦਾ ਸੇਵਕ ਹਾਂ 2 ਕੁਰਿੰਥੀਆਂ 5:18
- ਮੈਂ ਯਿਸੂ ਮਸੀਹ ਦਾ ਰਾਜਦੂਤ ਹਾਂ ਜਿਸ ਦੇ ਕੋਲ ਉਸ ਲਈ ਬੋਲਣ ਦਾ ਅਧਿਕਾਰ ਹੈ 2 ਕੁਰਿੰਥੀਆਂ 5:20
- ਮੈਂ ਧਰਤੀ ਦਾ ਲੂਣ ਹਾਂ ਮੱਤੀ 5:13
- ਮੈਂ ਸੰਸਾਰ ਦਾ ਚਾਨਣ ਹਾਂ ਮੱਤੀ 5:14
- ਮੈਂ ਇਸ ਸੰਸਾਰ ਲਈ ਅਜਨਬੀ ਅਤੇ ਵਿਦੇਸ਼ੀ ਹਾਂ 1 ਪਤਰਸ 2:11
- ਮੇਰੀ ਨਾਗਰਿਕਤਾ ਸਵਰਗ ਵਿੱਚ ਹੈ ਫਿਲਿੱਪੀਆਂ 3:20
- ਮੈਂ ਉਸ ਦੀ ਉੱਤਮਤਾ ਦਾ ਪ੍ਰਚਾਰ ਕਰਨ ਵਾਲਾ ਹਾਂ 1 ਪਤਰਸ 2:9

## ਇਹ ਹੈ (ਉਪਰੋਕਤ) ਜੋ ਮੈਂ ਹਾਂ।

## ਅਤੇ ਇਹ ਸਭ ਕੁਝ ਯਿਸੂ ਮਸੀਹ ਦੇ ਲਹੂ ਦੁਆਰਾ ਅਤੇ ਇਸੇ ਦੇ ਕਾਰਨ ਹੈ

ਪਰ ਮੈਂ ਜੋ ਕੁਝ ਹਾਂ ਪਰਮੇਸ਼ੁਰ ਦੀ ਕਿਰਪਾ ਹੀ ਨਾਲ ਹਾਂ ਅਤੇ ਉਹ ਦੀ ਕਿਰਪਾ ਜੋ ਮੇਰੇ ਉੱਤੇ ਹੋਈ **ਸੋ ਅਕਾਰਥ ਨਾ ਹੋਈ** (ਬੇਕਾਰ) ਪਰ **ਮੈਂ** ਉਨ੍ਹਾਂ ਸਭਨਾਂ ਨਾਲੋਂ ਵਧੀਕ **ਮਿਹਨਤ ਕੀਤੀ** ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ੁਰ ਦੀ ਕਿਰਪਾ ਨੇ ਜੋ ਮੇਰੇ ਨਾਲ ਸੀ। 1 ਕੁਰਿੰਥੀਆਂ 15:10

## ਮੈਂ ਲੇਲੇ ਦੇ ਲਹੂ ਦੁਆਰਾ ਅਤੇ ਗਵਾਹੀ ਦੇ ਬਚਨ ਦੁਆਰਾ ਇੱਕ "ਜੇਤੂ" ਹਾਂ।

- **ਅਸੀਂ ਜਾਣਦੇ ਹਾਂ** ਭਈ ਅਸੀਂ ਪਰਮੇਸ਼ੁਰ ਤੋਂ ਹਾਂ ਅਤੇ ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ। 1 ਯੂਹੰਨਾ 5:19

- ਕਿਉਂ ਜੋ **ਹਰੇਕ** ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ **ਉਹ ਸੰਸਾਰ ਉੱਤੇ ਫ਼ਤਹ ਪਾਉਂਦਾ ਹੈ** ਅਰ ਫ਼ਤਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਹ ਪਾਈ ਅਰਥਾਤ **ਸਾਡੀ ਨਿਹਚਾ**।1 ਯੂਹੰਨਾ 5:4

- ਸੰਸਾਰ ਨਾਲ ਮੋਹ **ਨਾ ਰੱਖੋ, ਨਾ ਉਨ੍ਹਾਂ ਵਸਤਾਂ** ਨਾਲ ਜੋ ਸੰਸਾਰ ਵਿੱਚ ਹਨ। ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ। 1 ਯੂਹੰਨਾ 2:15

- ਜਿਵੇਂ ਸੰਸਾਰ ਆਪਣੇ ਮਨ ਦੀ ਵਿਅਾਰਥਤਾ ਵਿੱਚ ਚੱਲਦਾ ਹੈ **ਮੈਂ ਉਸ ਤਰ੍ਹਾਂ ਨਹੀਂ ਚੱਲਦਾ ਅਤੇ ਨਾ ਹੀ ਚੱਲਾਂਗਾ**।

  ਅਫਸੀਆਂ 4:17-20 ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿੱਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ **ਅਗਾਹਾਂ ਨੂੰ** ਅਜਿਹੀ ਚਾਲ **ਨਾ ਚੱਲੋ** ਜਿਵੇਂ ਪਰਾਈਆਂ ਕੌਮਾਂ ਵੀ **ਆਪਣੀ ਬੁੱਧ ਦੇ ਵਿਰਥਾਪੁਣੇ ਨਾਲ** ਚੱਲਦੀਆਂ ਹਨ। **ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ** ਅਤੇ ਉਸ **ਅਗਿਆਨ** ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ **ਆਪਣੇ ਮਨ ਦੀ ਕਠੋਰਤਾ** ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। ਉਨ੍ਹਾਂ ਨੇ **ਸੁੰਨ ਹੋ ਕੇ** ਆਪਣੇ ਆਪ ਨੂੰ **ਲੁੱਚਪੁਣੇ** ਦੇ ਹੱਥ ਸੌਂਪ ਦਿੱਤਾ ਭਈ **ਹਰ ਭਾਂਤ ਦੇ ਗੰਦੇ ਮੰਦੇ** ਕੰਮ ਚੌਂਪ ਨਾਲ ਕਰਨ। ਪਰ **ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ!**

- ਯਸਾਯਾਹ 54:17 **ਹਰ ਹਥਿਆਰ** ਜੋ ਤੇਰੇ ਵਿਰੁੱਧ ਬਣਾਇਆ ਜਾਵੇ **ਨਿਕੰਮਾ ਹੋਵੇਗਾ**, ਹਰ ਜੀਭ ਨੂੰ ਜੋ ਤੇਰੇ ਵਿਰੁੱਧ ਨਿਆਉਂ ਲਈ ਉੱਠੇ ਤੂੰ ਦੋਸ਼ੀ ਠਹਿਰਾਵੇਂਗੀ-ਏਹ ਯਹੋਵਾਹ ਦੇ ਦਾਸਾਂ ਦਾ ਅਧਿਕਾਰ ਹੈ...

- **ਤੁਸੀਂ ਬਲਵੰਤ ਹੋ** ਅਤੇ ਪਰਮੇਸ਼ੁਰ ਦਾ ਬਚਨ ਤੁਹਾਡੇ ਵਿੱਚ ਰਹਿੰਦਾ ਹੈ ਅਤੇ **ਤੁਸਾਂ ਓਸ ਦੁਸ਼ਟ ਨੂੰ ਜਿੱਤ ਲਿਆ ਹੈ।** 1 ਯੂਹੰਨਾ 2:14

# ਆਪਣੇ ਜੀਵਨ ਵਿੱਚ “ਦੈਂਤਾਂ” ਉੱਤੇ ਜਿੱਤ ਪਾਉਣ ਲਈ ਮੇਰੀ ਗਵਾਹੀ ਦਾਊਦ ਦੀ ਗਵਾਹੀ ਹੈ।

ਅਤੇ ਮੈਂ ਦੈਂਤਾਂ ਨੂੰ ਆਖਦਾ ਹਾਂ:

ਤੂੰ ਮੇਰੇ ਕੋਲ ਇਸ ਸੰਸਾਰ ਦੇ ਹੱਥਿਆਰਾਂ ਨਾਲ ਆਉਂਦਾ ਹੈਂ, ਪਰ ਮੈਂ ਸੈਨਾਂ ਦੇ **ਪਰਮੇਸ਼ੁਰ ਯਿਸੂ** ਦੇ **ਨਾਮ** ਉੱਤੇ ਆਉਂਦਾ ਹਾਂ। ਅੱਜ ਦੇ ਦਿਨ **ਪਰਮੇਸ਼ੁਰ ਤੈਨੂੰ ਮੇਰੇ ਹੱਥ ਵਿੱਚ ਦੇ ਦੇਵੇਗਾ** ਅਤੇ ਮੈਂ ਤੈਨੂੰ ਮਾਰ ਸੁੱਟਾਂਗਾ ਤਾਂ ਕਿ ਸਾਰੀ ਧਰਤੀ ਜਾਣ ਲਵੇ ਕਿ ਸਵਰਗ ਵਿੱਚ ਇੱਕ ਪਰਮੇਸ਼ੁਰ ਹੈ ਅਤੇ ਸਾਰੇ ਜਾਣ ਲੈਣ ਕੇ **ਯੁੱਧ ਪਰਮੇਸ਼ੁਰ ਦਾ ਹੈ** ਅਤੇ ਉਹ ਤੈਨੂੰ ਅੱਜ ਮੇਰੇ ਹੱਥ ਵਿੱਚ ਦੇਵੇਗਾ। 1 ਸਮੂਏਲ 17:45-48

- ਮੈਂ ਸ਼ਤਾਨ ਨੂੰ ਮੇਰੇ ਉੱਤੇ ਗੁੱਸੇ, ਲਾਲਸਾ, ਝੂਠ ਜਾਂ ਕਿਸੇ ਪਾਪ ਦੇ ਕਾਰਨ ਮੇਰੇ ਉੱਤੇ ਹਮਲਾ ਕਰਨ ਦਾ ਮੌਕਾ **ਨਹੀਂ ਦੇਵਾਂਗਾ**। ਅਫਸੀਆਂ 4:22-27

- ਅਤੇ ਸ਼ਾਂਤੀ ਦਾ ਪਰਮੇਸ਼ੁਰ ਸ਼ਤਾਨ ਨੂੰ ਜਲਦੀ ਹੀ ਮੇਰੇ ਪੈਰਾਂ ਹੇਠ ਮਿੱਧ ਦੇਵੇਗਾ। ਰੋਮੀਆਂ 16:19

- **ਮੈਂ** ਪਰਮੇਸ਼ੁਰ ਦੇ ਸਾਰਾ ਸ਼ਸ਼ਤਰ ਬਸਤਰ ਧਾਰ **ਲਵਾਂਗਾ** ਤਾਂ ਕਿ ਮੈਂ ਸ਼ਤਾਨ ਦੇ ਛਲ ਛਿਦ੍ਰਾਂ ਦੇ ਸਾਹਮਣਾ ਖਲੋ ਸਕਾਂ। ਅਫਸੀਆਂ 6:11

- ਹੇ ਯਹੋਵਾਹ, ਤੂੰ ਤਾਂ ਮੇਰੀ ਪਨਾਗਾਹ ਹੈਂ,— ਮੈਂ ਅੱਤ ਮਹਾਨ ਨੂੰ ਆਪਣੀ ਵੱਸੋਂ ਕਰ ਲਿਆ ਹੈ। **ਮੇਰੇ ਉੱਤੇ ਕੋਈ ਬੁਰਿਆਈ ਨਹੀਂ ਪਵੇਗੀ**, ਨਾ ਕੋਈ **ਬਵਾ ਮੇਰੇ ਕੋਲ ਅੱਪੜੇਗੀ**। ਉਹ ਤਾਂ ਆਪਣੇ ਦੂਤਾਂ ਨੂੰ ਮੇਰੇ ਲਈ ਹੁਕਮ ਦੇਵੇਗਾ, ਭਈ ਓਹ ਮੇਰਿਆਂ ਸਾਰਿਆਂ ਰਾਹਾਂ ਵਿੱਚ ਮੇਰੀ ਰੱਛਿਆ ਕਰਨ। ਜ਼ਬੂਰ 91:9-11

## ਪਰਮੇਸ਼ੁਰ ਦੀ ਦਯਾ ਅਤੇ ਯਿਸੂ ਮਸੀਹ ਦੇ ਲਹੂ ਦੇ ਦੁਆਰਾ

---

## ਤਾਂ, ਮੈਂ ਹੀ ਕਿਉਂ?

- ਮੈਂ ਕਿਉਂ ਆਖਾਂ ਕਿ “ਮੈਂ ਨਹੀਂ ਕਰ ਸਕਦਾ”? ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ **ਮੈਂ ਸੱਭੋ ਕੁਝ ਕਰ ਸੱਕਦਾ ਹਾਂ**। ਫਿਲਿੱਪੀਆਂ 4:13

- ਮੈਂ ਚਿੰਤਾ ਕਿਉਂ ਕਰਾਂ? ਅਤੇ ਮੇਰਾ ਪਰਮੇਸ਼ੁਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ **ਤੁਹਾਡੀ ਹਰੇਕ ਥੁੜ ਨੂੰ** ਮਸੀਹ ਯਿਸੂ ਵਿੱਚ **ਸੰਪੂਰਨ ਕਰੇਗਾ**। ਫਿਲਿੱਪੀਆਂ 4:19

- ਮੈਂ ਕਿਉਂ ਡਰਾਂ? ਯਹੋਵਾਹ ਮੇਰਾ ਚਾਨਣ ਅਤੇ ਮੇਰਾ ਬਚਾਓ ਹੈ, **ਮੈਂ ਕਿਸ ਤੋਂ ਡਰਾਂ**? ਯਹੋਵਾਹ ਮੇਰੇ ਜੀਉਣ ਦਾ ਗੜ੍ਹ ਹੈ, ਮੈਂ ਕਿਸ ਦਾ ਭੈ ਖਾਵਾਂ? ਜ਼ਬੂਰ 27:1 2 ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ

ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਜਮ ਦਾ ਆਤਮਾ ਦਿੱਤਾ। 2 ਤਿਮੋਥਿਉਸ 1:7

- ਮੈਂ ਕੋਸ਼ਿਸ਼ ਕਿਉਂ ਨਾ ਕਰਾਂ? ਅਤੇ ਜਿਹੜੇ ਨੇਮ ਦੇ ਨਾਲ ਭੈੜੀ ਕਰਤੂਤ ਕਰਦੇ ਹਨ ਉਨ੍ਹਾਂ ਨੂੰ ਉਹ ਲੱਲੋ ਪੱਤੋ ਕਰ ਕੇ ਵਿਗਾੜੇਗਾ ਪਰ ਜਿਹੜੇ ਲੋਕ ਆਪਣੇ ਪਰਮੇਸ਼ੁਰ ਨੂੰ ਸਿਆਣਦੇ ਹਨ ਓਹ **ਬਲਵਾਨ** ਹੋਣਗੇ ਅਤੇ **ਕੰਮ ਕਰਨਗੇ**। ਦਾਨੀਏਲ 11:32

- ਮੈਂ ਹਾਰ ਕਿਉਂ ਮੰਨਾ? ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ **ਫਤਹ** ਬਖਸ਼ਦਾ ਹੈ! 1 ਕੁਰਿੰਥੀਆਂ 15:57

- ਮੈਨੂੰ ਬੁੱਧੀ ਦੀ ਘਾਟ ਕਿਉਂ ਹੋਵੇ? ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁਲ੍ਹੇ ਦਿਲ ਨਾਲ ਬਿਨਾ ਉਲਾਂਭੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਯਾਕੂਬ 1:5

- ਮੈਂ ਨਿਰਾਸ਼ ਕਿਉਂ ਹੋਵਾਂ? ਮੇਰਾ ਮਨ ਏਹ ਚੇਤੇ ਕਰਦਿਆਂ ਕਰਦਿਆਂ, ਮੇਰੇ ਅੰਦਰ ਲਿਫ ਗਿਆ ਹੈ।ਏਹ ਮੈਂ ਆਪਣੇ ਦਿਲ ਨਾਲ ਸਿੰਮਰਦਾ ਹਾਂ, ਏਸ ਲਈ ਮੈਨੂੰ ਆਸਾ ਹੈ। ਵਿਰਲਾਪ ਗੀਤ 3:20-26

- ਮੈਂ ਚਿੰਤਾ ਕਿਉਂ ਕਰਾਂ ਅਤੇ ਉਲਝਣ ਵਿੱਚ ਕਿਉਂ ਪਵਾਂ? ਅਤੇ ਆਪਣੀ ਸਾਰੀ ਚਿੰਤਾ ਓਸ ਉੱਤੇ ਸੁਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ। 1 ਪਤਰਸ 5:7

  ਫਿਲਿੱਪੀਆਂ 4:6-7 **ਕਿਸੇ ਗੱਲ ਦੀ ਚਿੰਤਾ ਨਾ ਕਰੋ** ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ਰ ਦੇ ਅੱਗੇ ਕੀਤੀਆਂ ਜਾਣ। [7]ਅਤੇ **ਪਰਮੇਸ਼ੁਰ ਦੀ ਸ਼ਾਂਤੀ** ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ **ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ**।

- ਮੈਂ ਇਸ ਤਰ੍ਹਾਂ ਮਹਿਸੂਸ ਕਿਉਂ ਕਰਾਂ ਕਿ ਮੇਰੇ ਉੱਤੇ ਸਜ਼ਾ ਆਵੇਗੀ? ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ। ਰੋਮੀਆਂ 8:1

- ਮੈਂ ਇਕੱਲਾ ਮਹਿਸੂਸ ਕਿਉਂ ਕਰਾਂ? ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ। ਮੱਤੀ 28:20 ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ। ਇਬਰਾਨੀਆਂ 13:5

- ਮੈਂ ਆਪਣੇ ਆਪ ਨੂੰ ਨਿਕੰਮਾ ਕਿਉਂ ਸਮਝਾਂ? ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ। ਸਗੋਂ **ਮਸੀਹ ਦੇ ਅਮੋਲਕ ਲਹੂ** ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ। 1 ਪਤਰਸ 1:18-19

- ਮੈਂ ਦੂਸਰਿਆਂ ਤੋਂ ਡਰਿਆ ਹੋਇਆ ਮਹਿਸੂਸ ਕਿਉਂ ਕਰਾਂ? ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ। ਰੋਮੀਆਂ 8:37

- ਮੈਂ ਇੱਕ ਅਸਫ਼ਲ ਵਿਅਕਤੀ ਵਾਂਗ ਮਹਿਸੂਸ ਕਿਉਂ ਕਰਾਂ? ਉਪਰੰਤ ਅਸੀਂ ਏਹਨਾਂ ਗੱਲਾਂ ਉੱਤੇ ਕੀ ਆਖੀਏ? ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ? ਰੋਮੀਆਂ 8:31

- ਮੈਂ ਸੰਸਾਰ ਦੀ ਰਾਜਨੀਤੀ ਅਤੇ ਸਮੱਸਿਆਵਾਂ ਨੂੰ ਆਪਣੇ ਆਪ ਨੂੰ ਪਰੇਸ਼ਾਨ ਕਿਉਂ ਕਰਨ ਦੇਵਾਂ? ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿੱਚ ਸ਼ਾਂਤੀ ਹੋਵੇ। ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ। ਯੂਹੰਨਾ 16:33

---

## #3 ਮੈਂ ਆਪਣੇ ਜੀਵਨ ਨੂੰ ਪਿਆਰ ਨਹੀਂ ਕਰਦਾ ਭਾਵੇਂ ਮੌਤ ਹੀ ਆ ਜਾਵੇ

ਜੇਕਰ ਅਸੀਂ ਬਰਕਤਾਂ ਨਾਲ ਭਰਪੂਰ ਜੀਵਨ ਦਾ ਪੂਰੀ ਤਰ੍ਹਾਂ ਅਨੰਦ ਉਠਾਉਣਾ ਹੈ ਤਾਂ ਸਾਡੇ ਲਈ ਇਹ ਕਦਮ ਜ਼ਰੂਰੀ ਹੈ। ਇਹ ਮੇਰੇ ਜੀਵਨ ਵਿੱਚ ਪਰਮੇਸ਼ੁਰ ਵੱਲੋਂ ਬਦਲਾਓ ਨੂੰ ਲੈ ਕੇ ਆਉਂਦਾ ਹੈ ਜੋ ਫਿਰ ਦੂਸਰਿਆਂ ਨੂੰ ਵੀ ਬਦਲਦਾ ਹੈ। ਬਹੁਤ ਹੀ ਘੱਟ ਵਿਸ਼ਵਾਸੀ ਆਪਣੇ ਜੀਵਨ ਨੂੰ ਇਸ ਪੱਧਰ ’ਤੇ ਜੀਉਂਦੇ ਹਨ ਜਾਂ ਫਿਰ ਉਹ ਕੁਝ ਮੌਕਿਆਂ ਉੱਤੇ ਹੀ ਆਪਣੇ ਜੀਵਨ ਨੂੰ ਇਸ ਪੱਧਰ ’ਤੇ ਜੀਉਂਦੇ ਹਨ।

ਸੱਚਾਈ ਇਹ ਹੈ: ਗਲਾਤੀਆਂ 2:20
**ਮੈਂ** ਮਸੀਹ ਦੇ ਲਈ **ਸਲੀਬ ਦਿੱਤਾ ਗਿਆ ਹਾਂ** ਪਰ **ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ** ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ **ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ**।

ਯਿਸੂ ਨੇ ਇਸ ਨੂੰ ਇਸ ਤਰ੍ਹਾਂ ਕਿਹਾ:
ਲੂਕਾ 9:23-24 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**। ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਵੇ ਉਹ ਉਸ ਨੂੰ ਬਚਾਵੇਗਾ।

ਪੌਲੁਸ ਨੇ ਇਸ ਨੂੰ ਇਸ ਤਰ੍ਹਾਂ ਕਿਹਾ: ਅਤੇ ਸਾਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ!

ਅਫਸੀਆਂ 4:17-24 ਉਪਰੰਤ ਮੈਂ ਇਹ ਆਖਦਾ ਹਾਂ ਅਤੇ ਪ੍ਰਭੂ ਵਿੱਚ ਗਵਾਹ ਹੋ ਕੇ ਤਗੀਦ ਕਰਦਾ ਹਾਂ ਜੋ ਤੁਸੀਂ **ਅਗਾਹਾਂ ਨੂੰ** ਅਜਿਹੀ **ਚਾਲ ਨਾ ਚੱਲੋ** ਜਿਵੇਂ ਪਰਾਈਆਂ ਕੌਮਾਂ ਵੀ **ਆਪਣੀ ਬੁੱਧ ਦੇ ਵਿਰਥਾਪੁਣੇ** ਨਾਲ ਚੱਲਦੀਆਂ ਹਨ। ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ। ਉਨ੍ਹਾਂ ਨੇ ਸੁੰਨ ਹੋ ਕੇ ਆਪਣੇ ਆਪ ਨੂੰ ਲੁੱਚਪੁਣੇ ਦੇ ਹੱਥ ਸੌਂਪ ਦਿੱਤਾ ਭਈ ਹਰ ਭਾਂਤ ਦੇ ਗੰਦੇ ਮੰਦੇ ਕੰਮ ਚੌਂਪ ਨਾਲ ਕਰਨ। ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ **ਸਚਿਆਈ ਯਿਸੂ ਵਿੱਚ ਹੈ** ਤਿਵੇਂ ਉਸ ਵਿੱਚ ਤੁਸੀਂ ਸਿਖਾਏ ਗਏ ਹੋ। (1) ਭਈ **ਤੁਸੀਂ ਅਗਲੇ ਚਲਣ ਦੀ ਉਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ

ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਅਤੇ **ਆਪਣੇ ਮਨ ਦੇ ਸੁਭਾਉ ਵਿੱਚ ਨਵੇਂ ਬਣੋ** ਅਤੇ (2) **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ਜਿਹੜੀ ਪਰਮੇਸ਼ੁਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ।

ਰੋਮੀਆਂ 6:4 ਵਿੱਚ ਪੌਲੁਸ ਨੇ ਇਸ ਜੀਵਨ ਦੇ ਲਾਭਾਂ ਬਾਰੇ ਦੱਸਿਆ ਹੈ

ਸੋ ਅਸੀਂ ਮੌਤ ਦਾ ਬਪਤਿਸਮਾ ਲੈਣ (ਰੱਖਿਆ) ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ **ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ**। ਰੋਮੀਆਂ 6:4

ਇਹ ਚੰਗੀ ਖ਼ਬਰ ਹੈ! ਕੇਵਲ ਸਾਡੇ **ਮਨ ਹੀ ਨਵੇਂ** ਨਹੀਂ **ਕੀਤੇ** ਜਾ ਸਕਦੇ ਸਗੋਂ ਅਸੀਂ **ਨਵੇਂ ਜੀਵਨ ਦੇ ਰਾਹ ਚੱਲ** ਵੀ ਸਕਦੇ ਹਾਂ।

ਜਿਸ ਹੱਦ ਤੱਕ ਅਸੀਂ ਇਸ ਬਾਰੇ ਜਾਣਦੇ ਹਾਂ, ਸਮਝਦੇ ਹਾਂ ਅਤੇ ਕਦਰ ਕਰਦੇ ਹਾਂ ਜੋ ਪਰਮੇਸ਼ੁਰ ਸਾਡੇ ਪਿਤਾ ਅਤੇ ਉਸ ਦੇ ਪੁੱਤਰ ਯਿਸੂ ਮਸੀਹ ਨੇ ਆਪਣੀ ਮੌਤ, ਦਫ਼ਨਾਏ ਜਾਣ ਅਤੇ ਆਪਣੇ ਜੀ ਉੱਠਣ ਦੇ ਦੁਆਰਾ ਸਾਡੇ ਲਈ ਕੀਤਾ ਹੈ, ਕੇਵਲ ਉਦੋਂ ਹੀ ਅਸੀਂ ਤਿਆਰ ਹੋਵਾਂਗੇ ਕਿ **ਅਸੀਂ ਆਪਣੀ ਸਲੀਬ ਉਠਾਈਏ, ਆਪਣੇ ਆਪ ਨੂੰ ਮੌਤ ਲਈ ਦੇਈਏ ਅਤੇ ਪਰਮੇਸ਼ੁਰ ਦੇ ਮਗਰ ਚੱਲੀਏ।**

ਇਬਰਾਨੀਆਂ 12:14 ਵਿੱਚ ਜਿਵੇਂ ਕਿਹਾ ਹੈ ਤਾਂ ਕਿੰਨਾ ਹੀ ਵਧੀਕ **ਮਸੀਹ ਦਾ ਲਹੂ** ਜਿਹ ਨੇ ਸਦੀਪਕ ਆਤਮਾ ਦੇ ਰਾਹੀਂ **ਆਪਣੇ ਆਪ** ਨੂੰ ਦੋਸ਼ ਰਹਿਤ ਪਰਮੇਸ਼ੁਰ ਦੇ ਅੱਗੇ **ਚੜ੍ਹਾਇਆ** ਤੁਹਾਡੇ **ਅੰਤਹਕਰਨ** ਨੂੰ ਮੁਰਦਿਆਂ ਕੰਮਾਂ ਤੋਂ **ਸ਼ੁੱਧ ਕਰੇਗਾ** ਭਈ **ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਾਸਨਾ ਕਰੋ**।

ਯਿਸੂ ਨੇ ਇਸ ਨੂੰ ਇਸ ਤਰ੍ਹਾਂ ਪਰਗਟ ਕੀਤਾ: ਯੂਹੰਨਾ 12:24
ਮੈਂ ਤੁਹਾਨੂੰ **ਸੱਚ ਸੱਚ** ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ **ਇਕੱਲਾ** ਹੀ ਰਹਿੰਦਾ ਹੈ ਪਰ **ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ।**

- ❖ ਥੋੜ੍ਹਿਆਂ ਵਿੱਚੋਂ ਇੱਕ ਬਣੋ। ਇੱਕ ਅਦਭੁਤ, ਆਤਮਾ ਨਾਲ ਭਰਪੂਰ, ਧੰਨ ਅਤੇ ਅਲੌਕਿਕ ਜੀਵਨ ਲਈ ਇਨ੍ਹਾਂ ਤਿੰਨ ਕਦਮਾਂ ਦੀ ਪਾਲਣਾ ਕਰੋ।

ਯਿਸੂ ਦੇ ਲਹੂ ਅਤੇ ਧਾਰਮਿਕਤਾ ਤੋਂ ਇਲਾਵਾ ਮੇਰੀ ਆਸ ਹੋਰ ਕਿਸੇ ਚੀਜ਼ ਉੱਤੇ ਨਹੀਂ ਹੈ। ਚੰਗਾ ਹੋਵੇਗਾ ਕਿ ਮੈਂ ਆਪਣੀ ਤਾਕਤ ਅਤੇ ਆਪਣੇ ਦਿਮਾਗ ਉੱਤੇ ਭਰੋਸਾ ਕਰਨ ਦੀ ਹਿੰਮਤ ਨਾ ਕਰਾਂ, ਪਰ ਯਿਸੂ ਦੇ ਨਾਮ ਉੱਤੇ ਭਰੋਸਾ ਰੱਖਾਂ।

ਅੰਤਿਕਾ:

ਵਿਚਾਰ -> ਸ਼ਬਦ -> ਵਿਸ਼ਵਾਸ -> ਕੰਮ -> ਆਦਤਾਂ -> ਚਰਿੱਤਰ -> ਮੰਜ਼ਿਲ
ਜਿਸ ਢੰਗ ਨਾਲ ਤੁਸੀਂ **ਸੋਚਦੇ** ਹੋ ਉਸ ਤੋਂ ਤੈਅ ਹੁੰਦਾ ਹੈ ਕਿ ਤੁਸੀਂ ਕੀ **ਬੋਲਦੇ** ਹੋ, ਅਰਥਾਤ ਤੁਹਾਡੇ ਸ਼ਬਦ। ਇਹ ਤੁਹਾਡੇ **ਵਿਸ਼ਵਾਸ** ਨੂੰ ਵਿਕਸਤ ਕਰਦੇ ਹਨ, ਵਿਸ਼ਵਾਸ ਤੁਹਾਡੇ **ਕੰਮਾਂ** ਨੂੰ ਤੈਅ ਕਰਦਾ ਹੈ, ਤੁਹਾਡੇ ਕੰਮ ਤੁਹਾਡੀਆਂ

**ਆਦਤਾਂ** ਬਣ ਜਾਂਦੇ ਹਨ, ਆਦਤਾਂ ਤੁਹਾਡੇ **ਚਰਿੱਤਰ** ਦਾ ਨਿਰਮਾਣ ਕਰਦੀਆਂ ਹਨ ਅਤੇ ਚਰਿੱਤਰ ਦਾ ਤੁਹਾਨੂੰ ਤੁਹਾਡੀ **ਮੰਜ਼ਿਲ** ਵੱਲ ਲੈ ਕੇ ਜਾਣ ਵਿੱਚ ਬਹੁਤ ਵੱਡਾ ਹੱਥ ਹੈ।

ਇਹ ਤਰਤੀਬ ਜਾਂ ਤਾਂ **"ਪਰਮੇਸ਼ੁਰ ਦੇ ਰਾਹ"** ਅਨੁਸਾਰ ਚੱਲਦੀ ਹੈ ਜਾਂ **"ਸੰਸਾਰ ਦੇ ਰਾਹ"** ਅਨੁਸਾਰ ਚੱਲਦੀ।

ਯਿਸੂ ਨੇ ਕਿਹਾ: **ਮੈਂ ਸਤ ਆਖਦਾ ਹਾਂ** ਯੂਹੰਨਾ 8:45 **ਸਚਿਆਈ ਮੈਂ ਹਾਂ** ਯੂਹੰਨਾ 14:6

ਸ਼ਤਾਨ ਦੇ ਬਾਰੇ ਯਿਸੂ ਨੇ ਕਿਹਾ: ਯੂਹੰਨਾ 8:44-45 ਤੁਸੀਂ ਆਪਣੇ ਪਿਉ ਸ਼ਤਾਨ ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। **ਉਹ** ਤਾਂ ਮੁੱਢੋਂ ਮਨੁੱਖ ਘਾਤਕ ਸੀ ਅਤੇ **ਸਚਿਆਈ ਉੱਤੇ ਟਿਕਿਆ ਨਾ ਰਿਹਾ** ਕਿਉਂਕਿ **ਉਸ ਵਿੱਚ ਸਚਿਆਈ ਹੈ ਨਹੀਂ।** ਜਦ ਉਹ ਝੂਠ ਬੋਲਦਾ ਹੈ ਤਾਂ ਉਹ ਆਪਣੀਆਂ ਹੀ (ਚਰਿੱਤਰ) ਹੱਕਦਾ ਹੈ ਕਿਉਂਕਿ **ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ।** ਪਰ ਇਸ ਕਾਰਨ ਜੋ ਮੈਂ ਸਤ ਆਖਦਾ ਹਾਂ ਤੁਸੀਂ ਮੇਰੀ ਪਰਤੀਤ ਨਹੀਂ ਕਰਦੇ ਹੋ।

ਅਤੇ: **ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।** 1 ਯੂਹੰਨਾ 5:19

ਜੇ ਸਾਡੇ ਜਨਮ ਤੋਂ ਪਹਿਲਾਂ ਦੀ **ਗੱਲ ਕੀਤੀ ਜਾਵੇ** ਤਾਂ:
ਉਹ ਨੇ ਤੁਹਾਨੂੰ ਵੀ ਜਾਂ **ਤੁਸੀਂ** ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ।ਜਿਨ੍ਹਾਂ ਦੇ ਵਿੱਚ ਤੁਸੀਂ ਇਸ **ਸੰਸਾਰ ਦੇ ਵਿਹਾਰ** ਅਨੁਸਾਰ **ਹਵਾਈ ਇਖ਼ਤਿਆਰ ਦੇ ਸਰਦਾਰ** ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿੱਚ ਅਸਰ ਕਰਦੀ ਹੈ ਅਤੇ ਉਨ੍ਹਾਂ ਵਿੱਚ (ਅਸੀਂ ਉਨ੍ਹਾਂ "ਦੇ" ਨਹੀਂ ਸੀ) ਅਸੀਂ ਵੀ ਸੱਭੇ ਸਰੀਰ **ਅਤੇ ਮਨ ਦੀਆਂ** ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ (ਜਿਸ ਤਰ੍ਹਾਂ ਅਸੀਂ ਵਿਹਾਰ ਕੀਤਾ) ਕਰਕੇ ਗਜ਼ਬ ਦੇ ਪੁੱਤਰ ਸਾਂ। ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। ਅਫਸੀਆਂ 2:1-4

ਪਰ ਸਾਡੇ ਦੁਬਾਰਾ ਜਨਮ ਲੈਣ ਤੋਂ ਬਾਅਦ ਇਹ **ਜ਼ਰੂਰੀ ਹੈ** ਕਿ ਅਸੀਂ: ਅਤੇ **ਇਸ ਜੁੱਗ ਦੇ ਰੂਪ ਜੇਹੇ ਨਾ ਬਣੋ** ਸਗੋਂ ਆਪਣੀ **ਬੁੱਧ ਦੇ ਨਵੇਂ** ਹੋਣ ਕਰਕੇ ਹੋਰ ਸਰੂਪ ਵਿੱਚ **ਬਦਲਦੇ ਜਾਓ** ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ। ਰੋਮੀਆਂ 12:2

ਦੁਸ਼ਟ ਵੀ ਸਾਡੇ ਮਨਾਂ ਉੱਤੇ ਕਾਬੂ ਪਾਉਣ ਲਈ **ਪੂਰੀ ਲੜਾਈ ਲੜ** ਰਿਹਾ ਹੈ।
ਇਸ ਲਈ "ਦੁਸ਼ਟ, ਜੋ ਝੂਠਾ ਹੈ" ਉਸ ਨੇ ਸਾਡੀ ਸਰਕਾਰ, ਸਾਡੇ ਸਕੂਲਾਂ ਅਤੇ ਸਾਡੇ ਮਨਾਂ ਵਿੱਚੋਂ ਪਰਮੇਸ਼ੁਰ ਦੇ ਵਚਨ ਨੂੰ ਹਟਾਉਣ ਲਈ ਪੂਰਾ ਜ਼ੋਰ ਲਾਇਆ ਹੈ।

2 ਕੁਰਿੰਥੀਆਂ 6:17 **ਇਸ ਲਈ ਉਨ੍ਹਾਂ ਵਿੱਚੋਂ ਨਿੱਕਲ ਆਓ, ਅਤੇ ਅੱਡ ਹੋਵੋ,** ਪ੍ਰਭੁ ਆਖਦਾ ਹੈ, ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ,

1 ਯੂਹੰਨਾ 2:15-17 **ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ।**

ਯਾਕੂਬ 1:27 ਸਾਨੂੰ ਦੱਸਦਾ ਹੈ ਕਿ ਇੱਕ **ਸ਼ੁੱਧ** ਅਤੇ **ਨਾ ਭ੍ਰਿਸ਼ਟ ਜੀਵਨ** ਲਈ ਸਾਨੂੰ **ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ।** ਅਤੇ (4:4) **ਭਈ ਸੰਸਾਰ ਦਾ ਮਿੱਤਰਚਾਰਾ ਪਰਮੇਸ਼ੁਰ ਦਾ ਵੈਰ ਹੈ।**

2 ਪਤਰਸ 1:4 ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ **ਅਮੋਲਕ** ਅਤੇ **ਵੱਡੇ ਵੱਡੇ ਵਾਇਦੇ** ਦਿੱਤੇ ਹਨ ਭਈ ਤੁਸੀਂ **ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ**। ਇਹ ਹੈ ਜਿਸ ਦੀ ਸਾਨੂੰ ਲੋੜ ਹੈ ਅਤੇ ਜਿਸ ਲਈ ਸਾਨੂੰ ਕੰਮ ਕਰਨਾ ਚਾਹੀਦਾ ਹੈ।

ਸਾਨੂੰ ਪਰਮੇਸ਼ੁਰ ਦੇ ਵਚਨ ਨਾਲ ਆਪਣੇ ਮਨਾਂ ਨੂੰ ਨਵਾਂ ਕਰਨਾ ਚਾਹੀਦਾ ਹੈ, ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ **ਅਮੋਲਕ** ਅਤੇ **ਵੱਡੇ ਵੱਡੇ ਵਾਇਦੇ** ਦਿੱਤੇ ਹਨ ਭਈ ਤੁਸੀਂ **ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ**।

ਉੱਨਤੀ:

1. ਵਿਚਾਰ – ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ **ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ** ਭਈ ਉਹ ਮਸੀਹ ਦਾ ਆਗਿਆਕਾਰ ਹੋਵੇ। ਅਤੇ ਜਾਂ ਤੁਹਾਡੀ ਆਗਿਆਕਾਰੀ ਪੂਰੀ ਹੋ ਜਾਵੇ ਤਾਂ ਅਸੀਂ ਹਰ ਤਰਾਂ ਦੀ ਅਣਆਗਿਆਕਾਰੀ ਦਾ ਵੱਟਾ ਲੈਣ ਨੂੰ ਤਿਆਰ ਹਾਂ। 2 ਕੁਰਿੰਥੀਆਂ 10:5-6

   ਕਹਾਉਤਾਂ 23:7 ਕਿਉਂ ਜੋ ਜਿਹੇ ਉਹ ਦੇ ਮਨ ਦੇ **ਵਿਚਾਰ** ਹਨ **ਤੇਹਾ ਉਹ ਆਪ ਹੈ**।

2. ਸ਼ਬਦ – ਪਰਕਾਸ਼ ਦੀ ਪੋਥੀ 12:11 ਅਤੇ ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ **ਆਪਣੀ ਸਾਖੀ ਦੇ ਬਚਨ** ਦੇ ਕਾਰਨ ਉਹ ਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ।

3. ਵਿਸ਼ਵਾਸ – ਮੱਤੀ 9:29 ਜਿਹੀ ਤੁਹਾਡੀ **ਨਿਹਚਾ** ਹੈ **ਤੁਹਾਡੇ ਲਈ ਤਿਹਾ ਹੀ ਹੋਵੇ**।

4. ਕੰਮ – ਦਾਨੀਏਲ 11:32 ਅਤੇ ਜਿਹੜੇ ਨੇਮ ਦੇ ਨਾਲ ਭੈੜੀ ਕਰਤੂਤ ਕਰਦੇ ਹਨ ਉਨ੍ਹਾਂ ਨੂੰ ਉਹ ਲੱਲੋ ਪੱਤੋ ਕਰ ਕੇ ਵਿਗਾੜੇਗਾ **ਪਰ ਜਿਹੜੇ ਲੋਕ ਆਪਣੇ ਪਰਮੇਸ਼ੁਰ ਨੂੰ ਸਿਆਣਦੇ ਹਨ ਓਹ ਬਲਵਾਨ ਹੋਣਗੇ ਅਤੇ ਕੰਮ ਕਰਨਗੇ।**

5. ਆਦਤਾਂ – ਹਲਾਤਾਂ ਪ੍ਰਤੀ ਵਿਹਾਰ ਕਰਨ ਅਤੇ ਪ੍ਰਤੀਕਿਰਿਆ ਕਰਨ ਦਾ ਪ੍ਰਚਲਿਤ ਢੰਗ।

6. ਚਰਿੱਤਰ – ਇਹ ਉਹ ਢੰਗ ਹੈ ਜਿਸ ਨਾਲ ਇੱਕ ਵਿਅਕਤੀ, ਸੋਚਦਾ, ਮਹਿਸੂਸ ਕਰਦਾ ਅਤੇ ਲਗਾਤਾਰ ਵਿਹਾਰ ਕਰਦਾ ਹੇ।

7. ਮੰਜ਼ਿਲ – ਵਿਸ਼ਵਾਸ, ਆਦਤਾਂ ਅਤੇ ਚਰਿੱਤਰ ਮਜ਼ਬੂਤੀ ਨਾਲ ਵਿਅਕਤੀ ਦੇ ਭਵਿੱਖ ਨੂੰ ਨਿਰਦੇਸ਼ਿਤ ਕਰਦੇ ਹਨ।